ਮਿੱਠੇ ਬੱਚੇ:- "ਮਿੱਠੇ ਬੱਚੇ:- ਤੁਸੀਂ ਰਾਇਲ (ਸ਼ਾਹੀ) ਕੁੱਲ ਦੇ ਸਟੂਡੈਂਟ ਹੋ, ਤੁਹਾਡੀ ਚਲਨ ਬੜੀ ਰਾਇਲ ਹੋਣੀ ਚਾਹੀਦੀ ਹੈ ਫਿਰ ਹੀ ਬਾਪ ਦਾ ਸ਼ੋ ਕਰ ਸਕੋਗੇ"

ਪ੍ਰਸ਼ਨ:- ਵਿਨਾਸ਼ ਦੇ ਵੇਲੇ ਅੰਤਿਮ ਪੇਪਰ ਵਿੱਚ ਪਾਸ ਕੌਣ ਹੋਵੇਗਾ? ਉਸਦੇ ਲਈ ਕੀ ਪੁਰਸ਼ਾਰਥ ਹੈ?

ਉੱਤਰ:- ਅੰਤਿਮ ਪੇਪਰ ਵਿੱਚ ਪਾਸ ਉਹ ਹੀ ਹੋ ਸਕਦਾ ਹੈ ਜਿਸਨੂੰ ਬਾਪ ਦੇ ਸਿਵਾਏ ਪੁਰਾਣੀ ਦੁਨੀਆਂ ਦੀ ਕੋਈ ਚੀਜ਼ ਯਾਦ ਨਾ ਆਵੇ। ਯਾਦ ਆਈ ਤਾਂ ਫ਼ੇਲ। ਇਸ ਦੇ ਲਈ ਬੇਹੱਦ ਦੀ ਸਾਰੀ ਦੁਨੀਆਂ ਤੋਂ ਮਮੱਤਵ ਨਿਕਲ ਜਾਵੇ। ਭਾਈ-ਭਾਈ ਦੀ ਪੱਕੀ ਅਵਸਥਾ ਹੋਵੇ। ਦੇਹ ਅਭਿਮਾਨ ਟੁੱਟਿਆ ਹੋਇਆ ਹੋਵੇ।

ਓਮ ਸ਼ਾਂਤੀ। ਬੱਚਿਆਂ ਨੂੰ ਸਦਾ ਇਹ ਨਸ਼ਾ ਰਹਿਣਾ ਚਾਹੀਦਾ ਹੈ ਕਿ ਅਸੀਂ ਕਿੰਨੇ ਰਾਇਲ ਸਟੂਡੈਂਟ ਹਾਂ। ਬੇਹੱਦ ਦਾ ਮਾਲਿਕ ਸਾਨੂੰ ਪੜ੍ਹਾ ਰਹੇ ਹਨ। ਤੁਸੀਂ ਕਿੰਨੇ ਉੱਚ ਕੁੱਲ ਦੇ ਰਾਇਲ(ਸ਼ਾਹੀ) ਕੁੱਲ ਦੇ ਸਟੂਡੈਂਟ ਹੋ ਤਾਂ ਰਾਇਲ ਸਟੂਡੈਂਟ ਦੀ ਚਲਨ ਵੀ ਰਾਇਲ ਹੋਣੀ ਚਾਹੀਦੀ ਹੈ ਫਿਰ ਹੀ ਬਾਪ ਦਾ ਸ਼ੋ ਕਰੋਗੇ। ਤੁਸੀਂ ਵਿਸ਼ਵ ਵਿੱਚ ਸ਼ਾਂਤੀ ਸਥਾਪਤ ਕਰਨ ਦੇ ਲਈ ਨਿਮਿਤ ਬਣੇ ਹੋਏ ਹੋ, ਸ਼੍ਰੀਮਤ ਤੇ। ਤੁਹਾਨੂੰ ਸ਼ਾਂਤੀ ਦੀ ਪ੍ਰਾਈਜ਼ ਮਿਲਦੀ ਹੈ। ਉਹ ਵੀ ਇੱਕ ਜਨਮ ਦੇ ਲਈ ਨਹੀਂ, ਜਨਮ-ਜਨਮਾਂਤਰ ਦੇ ਲਈ ਮਿਲਦੀ ਹੈ। ਬੱਚੇ ਬਾਪ ਦਾ ਕੀ ਧੰਨਵਾਦ ਮੰਨਣਗੇ! ਬਾਪ ਆਪ ਆਕੇ ਹੱਥ ਵਿੱਚ ਬਹਿਸ਼ਤ (ਸਵਰਗ) ਦਿੰਦੇ ਹਨ। ਬੱਚਿਆਂ ਨੂੰ ਪਤਾ ਸੀ ਕਿ ਬਾਪ ਇਹ ਆਕੇ ਦੇਣਗੇ! ਹੁਣ ਬਾਪ ਕਹਿੰਦੇ ਹਨ - ਮਿੱਠੇ ਬੱਚੇ, ਮੈਨੂੰ ਯਾਦ ਕਰੋ। ਯਾਦ ਦੇ ਲਈ ਕਿਉਂ ਕਹਿੰਦੇ ਹਨ? ਕਿਉਂਕਿ ਇਸ ਯਾਦ ਨਾਲ ਹੀ ਵਿਕਰਮ ਵਿਨਾਸ਼ ਹੋਣੇ ਹਨ। ਬੇਹੱਦ ਦੇ ਬਾਪ ਦੀ ਪਹਿਚਾਣ ਮਿਲੀ ਅਤੇ ਨਿਸ਼ਚੈ ਹੋਇਆ। ਤਕਲੀਫ਼ ਦੀ ਕੋਈ ਗੱਲ ਨਹੀਂ ਹੈ। ਭਗਤੀ ਮਾਰਗ ਵਿੱਚ ਬਾਬਾ - ਬਾਬਾ ਕਰਦੇ ਰਹਿੰਦੇ ਹਨ। ਜ਼ਰੂਰ ਬਾਪ ਤੋਂ ਕੁਝ ਵਰਸਾ ਮਿਲੇਗਾ। ਤੁਹਾਨੂੰ ਪੁਰਸ਼ਾਰਥ ਦੀ ਮਾਰਜਿਨ ਵੀ ਹੈ। ਜਿੰਨਾ ਸ਼੍ਰੀਮਤ ਤੇ ਪੁਰਸ਼ਾਰਥ ਕਰੋਗੇ ਉਨਾਂ ਉੱਚ ਪਦ ਮਿਲੇਗਾ। ਬਾਪ, ਟੀਚਰ, ਸਤਿਗੁਰੂ - ਤਿੰਨਾਂ ਦੀ ਸ਼੍ਰੀਮਤ ਮਿਲਦੀ ਹੈ। ਉਸ ਮੱਤ ਤੇ ਚਲਣਾ ਹੈ। ਰਹਿਣਾ ਵੀ ਆਪਣੇ ਘਰ ਵਿੱਚ ਹੈ। ਮੱਤ ਤੇ ਚੱਲਣ ਨਾਲ ਹੀ ਵਿਘਨ ਪੈਂਦੇ ਹਨ। ਮਾਇਆ ਦਾ ਪਹਿਲਾ ਵਿਘਨ ਹੈ ਹੀ ਦੇਹ - ਅਭਿਮਾਨ। ਬਾਪ ਕਹਿੰਦੇ ਹਨ ਆਪਣੇ ਨੂੰ ਆਤਮਾ ਸਮਝੋ। ਫਿਰ ਕਿਉਂ ਨਹੀਂ ਸ਼੍ਰੀਮਤ ਮੰਨਦੇ ਹੋ? ਬੱਚੇ ਕਹਿੰਦੇ ਹਨ ਅਸੀਂ ਕੋਸ਼ਿਸ਼ ਤਾਂ ਕਰਦੇ ਹਾਂ ਪਰ ਮਾਇਆ ਕਰਨ ਨਹੀਂ ਦਿੰਦੀ ਹੈ। ਬੱਚੇ ਸਮਝਦੇ ਹਨ ਪੜ੍ਹਾਈ ਵਿੱਚ ਖ਼ਾਸ ਪੁਰਸ਼ਾਰਥ ਜ਼ਰੂਰ ਚਾਹੀਦਾ ਹੈ। ਜਿਹੜੇ ਚੰਗੇ ਬੱਚੇ ਹਨ ਉਨ੍ਹਾਂ ਨੂੰ ਫਾਲੋ ਕਰਨਾ ਚਾਹੀਦਾ ਹੈ। ਸਾਰੇ ਇਹ ਪੁਰਸ਼ਾਰਥ ਕਰਦੇ ਹਨ ਕਿ ਅਸੀਂ ਬਾਪ ਤੋਂ ਉੱਚਾ ਵਰਸਾ ਲਈਏ। ਕੰਡਿਆਂ ਤੋਂ ਫੁੱਲ ਬਣਨ ਦੇ ਲਈ ਯਾਦ ਦੀ ਬੜੀ ਲੋੜ ਹੈ। 5 ਵਿਕਾਰਾਂ ਦੇ ਕੰਡੇ ਨਿਕਲ ਜਾਣ ਤਾਂ ਫੁੱਲ ਬਣ ਜਾਉਗੇ। ਉਹ ਨਿਕਲਣਗੇ ਯੋਗ ਬੱਲ ਦੇ ਨਾਲ। ਕੋਈ ਬੱਚੇ ਕਹਿੰਦੇ ਹਨ ਫਲਾਣਾ ਇਵੇਂ ਚਲਾ ਗਿਆ, ਸ਼ਾਇਦ ਅਸੀਂ ਵੀ ਚਲੇ ਜਾਈਏ। ਲੇਕਿਨ ਉਸ ਨੂੰ ਦੇਖ ਫਿਰ ਪੁਰਸ਼ਾਰਥ ਕਰਨਾ ਚਾਹੀਦਾ ਹੈ ਨਾ। ਸ਼ਰੀਰ ਛੱਡਣ ਤਾਂ ਬਾਬਾ ਦੀ ਯਾਦ ਹੋਵੇ, ਵਸ਼ੀਕਰਨ ਮੰਤਰ ਯਾਦ ਹੋਵੇ। ਹੋਰ ਕੁਝ ਵੀ ਯਾਦ ਨਾਂ ਹੋਵੇ ਸਿਵਾਏ ਇਕ ਬਾਪ ਦੇ, ਫਿਰ ਪ੍ਰਾਣ ਤਨ ਤੋਂ ਨਿਕਲਣ। ਬਾਬਾ, ਬਸ ਅਸੀਂ ਤੁਹਾਡੇ ਕੋਲ ਆਏ ਕਿ ਆਏ। ਇਵੇਂ ਬਾਬਾ ਨੂੰ ਯਾਦ ਕਰਨ ਨਾਲ ਆਤਮਾ ਵਿੱਚ ਜੋ ਕਿੱਚੜ੍ਹਾ ਭਰਿਆ ਹੋਇਆ ਹੋਵੇਗਾ, ਉਹ ਸਭ ਭੁਸਮ ਹੋ ਜਾਵੇਗਾ। ਆਤਮਾ ਵਿੱਚ ਹੈ ਤਾਂ ਸ਼ਰੀਰ ਵਿੱਚ ਵੀ ਕਹਾਂਗੇ। ਜਨਮ-ਜਨਮਾਂਤਰ ਦਾ ਕਿੱਚੜ੍ਹਾ ਹੈ, ਉਹ ਸਾਰਾ ਸੜਨਾ ਹੈ। ਜਦੋਂ ਤੁਹਾਡਾ ਕਿੱਚੜ੍ਹਾ ਸਾਰਾ ਸੜ ਜਾਵੇ ਫਿਰ ਦੁਨੀਆਂ ਸਾਫ਼ ਹੋ ਜਾਵੇ। ਦੁਨੀਆਂ ਤੋਂ ਸਾਰਾ ਕਿੱਚੜ੍ਹਾ ਨਿਕਲਣਾ ਹੈ - ਤੁਹਾਡੇ ਲਈ। ਤੁਹਾਨੂੰ ਸਿਰਫ਼ ਆਪਣਾ ਕਿੱਚੜ੍ਹਾ ਨਹੀਂ ਸਾਫ਼ ਕਰਨਾ ਹੈ, ਸਾਰਿਆਂ ਦਾ ਕਿੱਚੜ੍ਹਾ ਸਾਫ਼ ਕਰਨਾ ਹੈ। ਬਾਬਾ ਨੂੰ ਬੁਲਾਉਂਦੇ ਹੋ ਕਿ ਬਾਬਾ ਆਕੇ ਇਸ ਦੁਨੀਆਂ ਤੋਂ ਕਿਚੜੇ ਨੂੰ ਸਾਫ਼ ਕਰੋ। ਸਾਰੇ ਵਿਸ਼ਵ ਨੂੰ ਪਾਵਨ ਬਣਾਓ। ਕਿਸਦੇ ਲਈ? ਉਸ ਪਵਿੱਤਰ ਦੁਨੀਆਂ ਵਿੱਚ ਤਾਂ ਤੁਸੀਂ ਬੱਚੇ ਹੀ ਤਾਂ ਪਹਿਲਾਂ-ਪਹਿਲਾਂ ਰਾਜ ਕਰਨ ਆਉਂਦੇ ਹੋ। ਤਾਂ ਬਾਪ ਤੁਹਾਡੇ ਲਈ ਤੁਹਾਡੇ ਦੇਸ਼ ਵਿੱਚ ਆਇਆ ਹੈ।

ਭਗਤੀ ਅਤੇ ਗਿਆਨ ਵਿੱਚ ਬੜਾ ਫ਼ਰਕ ਹੈ। ਭਗਤੀ ਦੇ ਕਿੰਨੇ ਚੰਗੇ-ਚੰਗੇ ਗੀਤ ਗਾਉਂਦੇ ਹਨ। ਪਰ ਕਿਸੇ ਦਾ ਕਲਿਆਣ ਨਹੀਂ ਕਰਦੇ ਹਨ। ਕਲਿਆਣ ਤਾਂ ਹੈ ਹੀ ਆਪਣੇ ਸਵਧਰਮ ਵਿੱਚ ਟਿਕਣ ਵਿੱਚ ਅਤੇ ਬਾਪ ਨੂੰ ਯਾਦ ਕਰਨ ਵਿੱਚ। ਤੁਹਾਡਾ ਯਾਦ ਕਰਨਾ ਇਵੇਂ ਦਾ ਹੀ ਹੈ ਜਿਵੇਂ ਲਾਈਟ ਹਾਊਸ ਫਿਰਦਾ ਹੈ। ਸਵਦਰਸ਼ਨ ਨੂੰ ਹੀ ਲਾਈਟ ਹਾਊਸ ਕਹਿੰਦੇ ਹਨ। ਤੁਸੀਂ ਬੱਚੇ ਦਿਲ ਅੰਦਰ ਸਮਝਦੇ ਹੋ ਬਾਪਦਾਦਾ ਤੋਂ ਸਾਨੂੰ ਸਵਰਗ ਦਾ ਵਰਸਾ ਮਿਲਣਾ ਹੈ। ਇਹ ਹੈ ਹੀ ਸੱਤ- ਨਰਾਇਣ ਦੀ ਕਥਾ, ਨਰ ਤੋਂ ਨਰਾਇਣ ਬਣਨ ਦੀ। ਬਾਪ ਸਮਝਾਉਂਦੇ ਹਨ ਤੁਹਾਡੀ ਆਤਮਾ ਜੋ ਤਮੋਪ੍ਰਧਾਨ ਬਣੀ ਹੈ, ਉਸਨੂੰ ਸਤੋਪ੍ਰਧਾਨ ਬਣਨਾ ਹੈ। ਸਤਿਯੁੱਗ ਵਿੱਚ ਸਤੋਪ੍ਰਧਾਨ ਸੀ ਹੁਣ ਫਿਰ ਸਤੋਪ੍ਰਧਾਨ ਬਣਾਉਣ ਲਈ ਬਾਪ ਆਇਆ ਹੈ। ਬਾਪ ਕਹਿੰਦੇ ਹਨ ਮੈਨੂੰ ਯਾਦ ਕਰਨ ਨਾਲ ਹੀ ਤੁਸੀਂ ਸਤੋਪ੍ਰਧਾਨ ਬਣ ਜਾਵੋਗੇ। ਬਾਪ ਨੇ ਹੀ ਗੀਤਾ ਸੁਣਾਈ ਸੀ। ਹੁਣ ਜੋ ਮਨੁੱਖ ਸੁਣਾਉਂਦੇ ਹਨ, ਕਿੰਨਾ ਫ਼ਰਕ ਹੋ ਗਿਆ ਹੈ। ਭਗਵਾਨ ਤਾਂ ਭਗਵਾਨ ਹੈ, ਉਹ ਹੀ ਮਨੁੱਖ ਤੋਂ ਦੇਵਤਾ ਬਣਾਉਂਦੇ ਹਨ। ਨਵੀ ਦੁਨੀਆਂ ਵਿੱਚ ਹੈ ਹੀ ਪਵਿੱਤਰ ਦੇਵਤਾ। ਬੇਹੱਦ ਦਾ ਬਾਪ ਹੈ ਨਵੀ ਦੁਨੀਆਂ ਦਾ ਵਰਸਾ ਦੇਣ ਵਾਲਾ। ਬਾਪ ਨੂੰ ਯਾਦ ਕਰਦੇ ਰਹੋ ਤਾਂ ਅੰਤ ਮਤੀ ਸੋ ਗਤੀ ਹੋ ਜਾਵੇਗੀ। ਤੁਸੀਂ ਜਾਣਦੇ ਹੋ - ਬਾਪ ਆਉਂਦੇ ਹਨ ਸੰਗਮਯੁੱਗ ਤੇ, ਪੁਰਸ਼ੋਤਮ ਬਣਾਉਣ ਦੇ ਲਈ। ਹੁਣ ਇਹ 84 ਦਾ ਚੱਕਰ ਪੂਰਾ ਹੁੰਦਾ ਹੈ, ਫਿਰ ਸ਼ੁਰੂ ਹੋਵੇਗਾ। ਇਹ ਵੀ ਖੁਸ਼ੀ ਹੋਣੀ ਚਾਹੀਦੀ ਹੈ। ਪ੍ਰਦਰਸ਼ਨੀ ਵਿੱਚ ਜੋ ਲੋਕ

ਆਉਂਦੇ ਹਨ, ਉਨ੍ਹਾਂ ਨੂੰ ਵੀ ਪਹਿਲਾਂ ਸ਼ਿਵਬਾਬਾ ਦੇ ਚਿੱਤਰ ਦੇ ਸਾਹਮਣੇ ਲਿਆਕੇ ਖੜਾ ਕਰੋ। ਬਾਪ ਕਹਿੰਦੇ ਹਨ ਮੈਨੂੰ ਯਾਦ ਕਰਨ ਨਾਲ ਤੁਸੀਂ ਇਹ ਬਣ ਜਾਵੋਗੇ। ਫਾਦਰ ਤੋਂ ਵਰਸਾ ਹੀ ਸਤਿਯੁੱਗ ਦਾ ਮਿਲਦਾ ਹੈ। ਭਾਰਤ ਸਤਿਯੁੱਗ ਸੀ, ਹੁਣ ਨਹੀਂ ਹੈ ਫਿਰ ਬਣਨਾ ਹੈ ਇਸ ਲਈ ਬਾਪ ਅਤੇ ਬਾਦਸ਼ਾਹੀ ਨੂੰ ਯਾਦ ਕਰੋ ਤਾਂ ਅੰਤ ਮਤੀ ਸੋ ਗਤੀ ਹੋ ਜਾਵੇਗੀ। ਇਹ ਹੈ ਸੱਚਾ ਬਾਪ, ਇਨ੍ਹਾਂ ਦੇ ਬੱਚੇ ਬਣਨ ਨਾਲ ਤੁਸੀਂ ਸੱਚਖੰਡ ਦੇ ਮਾਲਿਕ ਬਣ ਜਾਵੋਗੇ। ਪਹਿਲਾਂ ਪਹਿਲਾਂ ਅਲਫ਼ ਨੂੰ ਪੱਕਾ ਕਰਵਾਓ। ਅਲਫ਼ - ਬਾਬਾ, ਬੇ - ਬਾਦਸ਼ਾਹੀ। ਬਾਪ ਨੂੰ ਯਾਦ ਕਰੋ ਤਾਂ ਯਾਦ ਨਾਲ ਹੀ ਵਿਕਰਮ ਵਿਨਾਸ਼ ਹੋਣਗੇ ਅਤੇ ਤੁਸੀਂ ਸਵਰਗ ਵਿੱਚ ਚਲੇ ਜਾਵੋਗੇ। ਕਿੰਨਾ ਸੌਖਾ ਹੈ। ਜਨਮ-ਜਨਮਾਂਤਰ ਭਗਤੀ ਦੀਆਂ ਗੱਲਾਂ ਸੁਣਦੇ-ਸੁਣਦੇ ਬੁੱਧੀ ਨੂੰ ਮਾਇਆ ਦਾ ਤਾਲਾ ਲੱਗ ਗਿਆ ਹੈ। ਬਾਪ ਆਕੇ ਚਾਬੀ ਨਾਲ ਤਾਲਾ ਖੋਲਦੇ ਹਨ। ਇਸ ਵੇਲੇ ਜਿਵੇਂ ਕਿ ਸਭ ਦੇ ਕੰਨ ਬੰਦ ਹਨ। ਪੱਥਰਬੁੱਧੀ ਹਨ। ਤੁਸੀਂ ਲਿਖਦੇ ਵੀ ਹੋ - ਸ਼ਿਵਬਾਬਾ ਯਾਦ ਹੈ? ਸਵਰਗ ਦਾ ਵਰਸਾ ਯਾਦ ਹੈ? ਬਾਦਸ਼ਾਹੀ ਯਾਦ ਕਰਨ ਨਾਲ ਮੁੱਖ ਮਿੱਠਾ ਤਾਂ ਹੋਵੇਗਾ ਨਾ। ਬਾਪ ਕਹਿੰਦੇ ਹਨ ਮੈਂ ਤੁਹਾਡਾ ਬੱਚਿਆਂ ਦਾ ਕਿੰਨਾ ਉਪਕਾਰ ਕਰਦਾ ਹਾਂ। ਤੁਸੀਂ ਤਾਂ ਅਪਕਾਰ ਹੀ ਕਰਦੇ ਆਏ ਹੋ। ਉਹ ਵੀ ਡਰਾਮਾ ਵਿੱਚ ਨੂੰਧ ਹੈ, ਕਿਸੇ ਦਾ ਦੋਸ਼ ਨਹੀਂ ਹੈ। ਤੁਹਾਡੀ ਬੱਚਿਆਂ ਦੀ ਮਿਸ਼ਨ ਹੀ ਹੈ ਪੱਥਰਬੁੱਧੀਆ ਨੂੰ ਪਾਰਸਬੁੱਧੀ ਮਤਲਬ ਕੰਡਿਆਂ ਨੂੰ ਫੁੱਲ ਬਣਾਉਣ ਦੇ ਲਈ। ਇਹ ਮਿਸ਼ਨ ਤੁਹਾਡੀ ਚਾਲੂ ਹੈ। ਸਭ ਇਕ ਦੋ ਨੂੰ ਕੰਡਿਆਂ ਤੋਂ ਫੁੱਲ ਬਣਾ ਰਹੇ ਹਨ। ਉਨ੍ਹਾਂ ਨੂੰ ਵੀ ਇਸ ਤਰ੍ਹਾਂ ਦਾ ਬਣਾਉਣ ਵਾਲਾ ਜ਼ਰੂਰ ਕਿੰਗ ਆਫ ਫਲਾਵਰ ਹੋਵੇਗਾ। ਸਵਰਗ ਦੀ ਸਥਾਪਨਾ ਕਰਨ ਵਾਲਾ ਅਤੇ ਫੁੱਲਾਂ ਦਾ ਬਗੀਚਾ ਬਣਾਉਣ ਵਾਲਾ ਬਾਪ ਇਕ ਹੀ ਹੈ। ਤੁਸੀਂ ਹੋ ਖੁਦਾਈ ਖ਼ਿਦਮਤਗਾਰ। ਤਮੋਪ੍ਰਧਾਨ ਨੂੰ ਸਤੋਪ੍ਰਧਾਨ ਬਣਾਉਣਾ - ਇਹ ਖ਼ਿਦਮਤ ਹੈ ਹੋਰ ਕੋਈ ਤਕਲੀਫ਼ ਨਹੀਂ ਦਿੰਦੇ ਹਨ। ਸਮਝਾਉਣਾ ਵੀ ਬੜਾ ਸਹਿਜ਼ ਹੈ। ਕਲਯੁੱਗ ਵਿੱਚ ਹੈ ਤਮੋਪ੍ਰਧਾਨ। ਜੇਕਰ ਕਲਯੁੱਗ ਦੀ ਉਮਰ ਵਧਾ ਦਵਾਂਗੇ ਤਾਂ ਹੋਰ ਹੀ ਤਮੋਪ੍ਰਧਾਨ ਬਣਨਗੇ।

ਤੁਸੀਂ ਜਾਣਦੇ ਹੋ ਹੁਣ ਸਾਨੂੰ ਫੁੱਲ ਬਣਾਉਣ ਵਾਲਾ ਬਾਪ ਆਇਆ ਹੈ। ਕੰਡਾ ਬਣਾਉਣਾ ਰਾਵਣ ਦਾ ਕੰਮ ਹੈ। ਫੁੱਲ ਬਾਪ ਬਣਾਉਂਦੇ ਹਨ। ਜਿਸਨੂੰ ਸ਼ਿਵਬਾਬਾ ਯਾਦ ਹੈ, ਉਨ੍ਹਾਂ ਨੂੰ ਜ਼ਰੂਰ ਸਵਰਗ ਵੀ ਯਾਦ ਆਵੇਗਾ। ਪ੍ਰਭਾਤਫੇਰੀ ਜਦੋਂ ਕੱਢਦੇ ਹੋ ਤਾਂ ਉਸ ਵਿੱਚ ਵੀ ਦਿਖਾਉ ਕਿ ਅਸੀਂ ਪ੍ਰਜਾਪਿਤਾ ਬ੍ਰਹਮਾਕੁਮਾਰ-ਕੁਮਾਰੀਆਂ ਭਾਰਤ ਤੇ ਇਨ੍ਹਾਂ ਲਕਸ਼ਮੀ - ਨਰਾਇਣ ਦਾ ਰਾਜ ਸਥਾਪਤ ਕਰ ਰਹੇ ਹਾਂ। ਅਸੀਂ ਬ੍ਰਾਹਮਣ ਸੋ ਦੇਵਤਾ ਬਣਦੇ ਹਾਂ। ਦੇਵਤਾ ਸੋ ਫਿਰ ਖੱਤਰੀ, ਸੋ ਵੈਸ਼...ਇਹ ਬਾਜੋਲੀ ਹੈ। ਕਿਸੇ ਨੂੰ ਸਮਝਾਉਣਾ ਬੜਾ ਸੌਖਾ ਹੈ। ਅਸੀਂ ਬ੍ਰਾਹਮਣ ਹਾਂ। ਬ੍ਰਾਹਮਣਾਂ ਦੀ ਚੋਟੀ ਹੁੰਦੀ ਹੈ। ਤੁਸੀਂ ਵੀ ਸਮਝਦੇ ਹੋ ਅਸੀਂ 84 ਦਾ ਚੱਕਰ ਪੂਰਾ ਕੀਤਾ। ਬੱਚਿਆਂ ਨੂੰ ਕਿੰਨੀ ਚੰਗੀ ਨਾਲੇਜ਼ ਮਿਲਦੀ ਹੈ। ਹੋਰ ਸਭ ਹੈ ਭਗਤੀ। ਗਿਆਨ ਇੱਕ ਬਾਪ ਹੀ ਸੁਣਾਉਂਦੇ ਹਨ। ਸਭ ਦਾ ਸਦਗਤੀ ਦਾਤਾ ਇੱਕ ਬਾਪ ਹੀ ਹੈ। ਪੁਰਸ਼ੋਤਮ ਸੰਗਮਯੁੱਗ ਵੀ ਇੱਕ ਹੀ ਹੈ। ਇਸ ਵੇਲੇ ਬਾਪ ਤੁਹਾਨੂੰ ਬੱਚਿਆਂ ਨੂੰ ਪੜ੍ਹਾਉਂਦੇ ਹਨ। ਭਗਤੀ ਵਿੱਚ ਫਿਰ ਯਾਦਗਾਰ ਚਲਦਾ ਹੈ। ਬਾਪ ਨੇ ਤੁਹਾਨੂੰ ਬੱਚਿਆਂ ਨੂੰ ਇਹ ਰਸਤਾ ਦੱਸਿਆ ਹੈ ਕਿ ਇਹ ਪੁਰਸ਼ਾਰਥ ਕਰਨ ਨਾਲ ਤੁਸੀਂ ਇਹ ਵਰਸਾ ਲੈ ਸਕਦੇ ਹੋ। ਇਹ ਪੜ੍ਹਾਈ ਬੜੀ ਸੌਖੀ ਹੈ। ਨਰ ਤੋਂ ਨਰਾਇਣ ਬਣਨ ਦੀ ਪੜ੍ਹਾਈ ਹੈ। ਕਥਾ ਕਹਿਣਾ ਗਲਤ ਹੈ ਕਿਉਂਕਿ ਕਥਾ ਵਿੱਚ ਏਮ ਆਬਜੈਕਟ ਨਹੀਂ ਹੁੰਦੀ ਹੈ। ਪੜ੍ਹਾਈ ਵਿੱਚ ਏਮ ਆਬਜੈਕਟ ਹੈ। ਕੌਣ ਪੜ੍ਹਾਉਂਦੇ ਹਨ? ਗਿਆਨ ਸਾਗਰ। ਬਾਪ ਕਹਿੰਦੇ ਹਨ ਮੈਂ ਆਕੇ ਤੁਹਾਡੀ ਰਤਨਾਂ ਨਾਲ ਝੋਲੀ ਭਰਦਾ ਹਾਂ। ਬੇਹੱਦ ਦੇ ਬਾਪ ਤੋਂ ਤੁਸੀਂ ਕੀ ਪ੍ਰਸ਼ਨ ਪੁੱਛੋਗੇ। ਇਸ ਵੇਲੇ ਸਭ ਹੈ ਪੱਥਰਬੁੱਧੀ। ਰਾਵਣ ਨੂੰ ਨਹੀਂ ਜਾਣਦੇ ਹਨ। ਤੁਹਾਨੂੰ ਹੁਣ ਅਕਲ ਮਿਲਦਾ ਹੈ ਪੁੱਛਣ ਦੇ ਲਈ। ਮਨੁੱਖਾਂ ਨੂੰ ਪੁਛੋ ਕਿ - ਆਖਰ ਇਹ ਰਾਵਣ ਹੈ ਕੌਣ? ਕਦੋਂ ਤੋਂ ਇਨ੍ਹਾਂ ਦਾ ਜਨਮ ਹੋਇਆ? ਕਦੋਂ ਤੋਂ ਸਾੜ ਰਹੇ ਹੋ? ਕਹਿਣਗੇ ਅਨਾਦਿ ਹੈ।

ਤੁਸੀਂ ਅਨੇਕ ਤਰ੍ਹਾਂ ਦੇ ਪ੍ਰਸ਼ਨ ਪੁੱਛ ਸਕਦੇ ਹੋ। ਉਹ ਵੀ ਸਮਾਂ ਆਵੇਗਾ ਤਾਂ ਪੁੱਛਣਗੇ। ਕੋਈ ਰਿਸਪੌਂਸ ਕਰ ਨਹੀਂ ਸਕਣਗੇ। ਤੁਹਾਡੀ ਆਤਮਾ ਯਾਦ ਦੀ ਯਾਤਰਾ ਤੇ ਤੱਤਪਰ ਹੋ ਜਾਵੇਗੀ। ਹੁਣ ਆਪਣੇ ਤੋਂ ਪੁੱਛੋ ਅਸੀਂ ਸਤੋਪ੍ਰਧਾਨ ਬਣੇ ਹਾਂ? ਦਿਲ ਗਵਾਹੀ ਦਿੰਦਾ ਹੈ? ਅਜੇ ਕਰਮਾਤੀਤ ਅਵਸਥਾ ਤਾਂ ਹੋਈ ਨਹੀਂ ਹੈ। ਹੋਣੀ ਹੈ। ਇਸ ਵੇਲੇ ਤੁਸੀਂ ਬੜੇ ਥੋੜੇ ਹੋ ਇਸ ਲਈ ਤੁਹਾਡੀ ਕੋਈ ਸੁਣਦਾ ਨਹੀਂ ਹੈ ਅਤੇ ਤੁਹਾਡੀ ਗੱਲ ਹੀ ਨਿਆਰੀ ਹੈ। ਪਹਿਲਾਂ-ਪਹਿਲਾਂ ਦੱਸੋ ਬਾਪ ਸੰਗਮਯੁੱਗ ਤੇ ਆਉਂਦੇ ਹਨ। ਇੱਕ-ਇੱਕ ਗੱਲ ਸਮਝਣ ਫਿਰ ਅੱਗੇ ਵਧਾਓ। ਬਹੁਤ ਧੀਰਜ਼ ਨਾਲ, ਪਿਆਰ ਨਾਲ ਸਮਝਾਉਣਾ ਹੈ ਕਿ ਤੁਹਾਨੂੰ ਦੋ ਬਾਪ ਹਨ - ਲੌਕਿਕ ਅਤੇ ਪਾਰਲੌਕਿਕ। ਪਾਰਲੌਕਿਕ ਬਾਪ ਨਾਲ ਬੇਹੱਦ ਦਾ ਵਰਸਾ ਓਦੋਂ ਮਿਲਦਾ ਹੈ ਜਦੋਂ ਸਤੋਪ੍ਰਧਾਨ ਬਣਦੇ ਹੋ। ਬਾਪ ਯਾਦ ਪਵੇ ਤਾਂ ਖੁਸ਼ੀ ਦਾ ਪਾਰਾ ਚੜ੍ਹੇ। ਤੁਸੀਂ ਬੱਚਿਆਂ ਵਿੱਚ ਬੜੇ ਗੁਣ ਭਰੇ ਜਾਂਦੇ ਹਨ। ਤੁਹਾਨੂੰ ਬੱਚਿਆਂ ਨੂੰ ਬਾਪ ਆਕੇ ਕਵਾਲੀਫਿਕੇਸ਼ਨ ਸਿਖਾਉਂਦੇ ਹਨ। ਹੈਲਥ-ਵੈਲਥ ਵੀ ਦਿੰਦੇ ਹਨ, ਗੁਣ ਵੀ ਸੁਧਾਰਦੇ ਹਨ। ਐਜੂਕੇਸ਼ਨ ਵੀ ਦਿੰਦੇ ਹਨ। ਜੇਲ ਦੀਆਂ ਸਜਾਵਾਂ ਤੋਂ ਵੀ ਛੁਡਾਉਂਦੇ ਹਨ।

ਤੁਸੀਂ ਬੜੀ ਚੰਗੀ ਤਰ੍ਹਾਂ ਮਨਿਸਟਰ ਆਦਿ ਨੂੰ ਵੀ ਸਮਝਾ ਸਕਦੇ ਹੋ। ਸਮਝਾਉਣਾ ਇਵੇਂ ਚਾਹੀਦਾ ਹੈ ਜੋ ਉਨ੍ਹਾਂ ਨੂੰ ਪਾਣੀ-ਪਾਣੀ ਕਰ ਦੇਣਾ ਚਾਹੀਦਾ ਹੈ। ਤੁਹਾਡਾ ਗਿਆਨ ਬੜਾ ਮਿੱਠਾ ਹੈ। ਪ੍ਰੇਮ ਨਾਲ ਬੈਠ ਕੇ ਸੁਣਨ ਤਾਂ ਪ੍ਰੇਮ ਦੇ ਅਥਰੂ ਆ ਜਾਣ। ਹਮੇਸ਼ਾ ਇਸ ਦ੍ਰਿਸ਼ਟੀ ਨਾਲ ਦੇਖੋ ਕਿ ਅਸੀਂ ਭਾਈ ਨੂੰ ਰਸਤਾ ਦਸਦੇ ਹਾਂ। ਬੋਲੋ, ਅਸੀਂ ਸ਼੍ਰੀਮਤ ਤੇ ਭਾਰਤ ਦੀ ਸੱਚੀ ਸੇਵਾ ਕਰ ਰਹੇ ਹਾਂ। ਭਾਰਤ ਦੀ ਸੇਵਾ ਵਿੱਚ ਹੀ ਪੈਸੇ ਲਗਾਉਂਦੇ ਹਾਂ। ਬਾਬਾ ਕਹਿੰਦੇ ਹਨ ਦਿੱਲੀ ਵਿੱਚ ਸੇਵਾ ਦਾ ਘੇਰਾ ਪਾਓ, ਵਿਸਤਾਰ ਕਰੋ। ਪਰ ਅਜੇ ਤੱਕ ਕਿਸੇ ਨੂੰ ਜ਼ਖਮੀ ਨਹੀਂ ਕੀਤਾ ਹੈ, ਜ਼ਖਮੀ ਕਰਨ ਵਿੱਚ ਯੋਗਬੱਲ ਚਾਹੀਦਾ ਹੈ। ਯੋਗਬੱਲ ਨਾਲ ਤੁਸੀਂ ਵਿਸ਼ਵ ਦੇ ਮਾਲਿਕ ਬਣਦੇ ਹੋ। ਨਾਲ-ਨਾਲ ਗਿਆਨ ਵੀ ਹੈ। ਯੋਗ ਨਾਲ ਹੀ ਤੁਸੀਂ ਕਿਸੇ ਨੂੰ ਕਸ਼ਿਸ਼ ਕਰ ਸਕੋਗੇ। ਅਜੇ ਬੱਚੇ ਭਾਵੇਂ ਭਾਸ਼ਨ ਚੰਗਾ ਕਰਦੇ ਹਨ ਪਰ ਯੋਗ ਦੀ ਕਸ਼ਿਸ਼ ਘੱਟ ਹੈ। ਮੁੱਖ ਗੱਲ ਹੈ ਯੋਗ ਦੀ। ਤੁਸੀਂ ਬੱਚੇ ਯੋਗ ਨਾਲ ਆਪਣੇ ਨੂੰ ਪਵਿੱਤਰ ਬਣਾਉਂਦੇ ਹੋ। ਤਾਂ ਯੋਗਬੱਲ ਬੜਾ ਚਾਹੀਦਾ ਹੈ। ਉਸਦੀ ਬੜੀ ਕਮੀ ਹੈ।

ਅੰਦਰ ਖੁਸ਼ੀ ਵਿੱਚ ਨੱਚਣਾ ਚਾਹੀਦਾ ਹੈ, ਇਹ ਖੁਸ਼ੀ ਦਾ ਡਾਂਸ ਹੈ। ਇਸ ਗਿਆਨ ਯੋਗ ਨਾਲ ਤੁਹਾਡੇ ਅੰਦਰ ਡਾਂਸ ਹੁੰਦੀ ਹੈ। ਬਾਪ ਦੀ ਯਾਦ ਵਿੱਚ ਰਹਿੰਦੇ-ਰਹਿੰਦੇ ਤੁਸੀਂ ਅਸ਼ਰੀਰੀ ਬਣ ਜਾਂਦੇ ਹੋ। ਗਿਆਨ ਨਾਲ ਅਸ਼ਰੀਰੀ ਹੋਣਾ ਹੈ, ਇਸ ਵਿੱਚ ਗਵਾਚਣ ਦੀ ਕੋਈ ਗੱਲ ਨਹੀਂ ਹੈ, ਬੁੱਧੀ ਵਿੱਚ ਗਿਆਨ ਚਾਹੀਦਾ ਹੈ। ਹੁਣ ਘਰ ਜਾਣਾ ਹੈ ਫਿਰ ਰਾਜਾਈ ਵਿੱਚ ਆਉਣਗੇ। ਬਾਪ ਨੇ ਵਿਨਾਸ਼ ਅਤੇ ਸਥਾਪਨਾ ਦਾ ਸਾਕਸ਼ਾਤਕਾਰ ਵੀ ਕਰਵਾਇਆ ਹੈ। ਇਹ ਦੁਨੀਆਂ ਸਾਰੀ ਸੜੀ ਪਈ ਹੈ, ਅਸੀਂ ਨਵੀਂ ਦੁਨੀਆਂ ਦੇ ਲਾਇਕ ਬਣ ਰਹੇ ਹਾਂ। ਹੁਣ ਘਰ ਜਾਣਾ ਹੈ ਇਸ ਲਈ ਸ਼ਰੀਰ ਵਿੱਚ ਕੋਈ ਮਮੱਤਵ ਨਹੀਂ ਰਹਿਣਾ ਚਾਹੀਦਾ ਹੈ। ਇਸ ਸ਼ਰੀਰ ਤੋਂ, ਇਸ ਦੁਨੀਆਂ ਤੋਂ ਉਪਰਾਮ ਰਹਿਣਾ ਚਾਹੀਦਾ ਹੈ। ਸਿਰਫ਼ ਆਪਣੇ ਘਰ ਨੂੰ ਅਤੇ ਰਾਜਧਾਨੀ ਨੂੰ ਯਾਦ ਕਰਨਾ ਹੈ। ਕੋਈ ਵੀ ਚੀਜ਼ ਵਿੱਚ ਆਸਕਤੀ ਨਹੀਂ ਹੋਵੇ। ਵਿਨਾਸ਼ ਵੀ ਕੜਾ ਹੋਣ ਵਾਲਾ ਹੈ। ਜਦੋਂ ਵਿਨਾਸ਼ ਹੋਣ ਲੱਗੇਗਾ ਤਾਂ ਤੁਹਾਨੂੰ ਖੁਸ਼ੀ ਹੋਵੇਗੀ - ਬਸ, ਅਸੀਂ ਟਰਾਂਸਫਰ ਹੋਏ ਕਿ ਹੋਏ। ਪੁਰਾਣੀ ਦੁਨੀਆਂ ਦੀ ਕੋਈ ਚੀਜ਼ ਆਈ ਤਾਂ ਫੇਲ। ਬੱਚਿਆਂ ਕੋਲ ਤਾਂ ਕੁਝ ਹੈ ਨਹੀਂ ਤਾਂ ਯਾਦ ਕਿ ਆਵੇਗਾ? ਬੇਹੱਦ ਦੀ ਸਾਰੀ ਦੁਨੀਆਂ ਨਾਲ ਮਮੱਤਵ ਮਿਟ ਜਾਵੇ, ਇਸ ਵਿੱਚ ਮਿਹਨਤ ਹੈ। ਭਾਈ-ਭਾਈ ਦੀ ਪੱਕੀ ਅਵਸਥਾ ਵੀ ਓਦੋਂ ਰਹਿ ਸਕਦੀ ਹੈ ਜਦੋਂ ਦੇਹ ਅਭਿਮਾਨ ਟੁੱਟ ਜਾਵੇ। ਦੇਹ-ਅਭਿਮਾਨ ਵਿੱਚ ਆਉਣ ਨਾਲ ਕੁਝ ਨਾਂ ਕੁਝ ਘਾਟਾ ਪੈਂਦਾ ਹੈ। ਦੇਹੀ -ਅਭਿਮਾਨੀ ਹੋਣ ਨਾਲ ਘਾਟਾ ਨਹੀਂ ਪਵੇਗਾ। ਅਸੀਂ ਭਾਈ ਨੂੰ ਪੜਾਉਂਦੇ ਹਾਂ। ਭਾਈ ਨਾਲ ਗੱਲ ਕਰਦੇ ਹਾਂ, ਇਹ ਪੱਕੀ ਆਦਤ ਪੈ ਜਾਵੇ। ਜੇਕਰ ਸਕਾਲਰਸ਼ਿਪ ਲੈਣੀ ਹੈ ਤਾਂ ਇੰਨਾਂ ਪੁਰਸ਼ਾਰਥ ਕਰਨਾ ਹੈ। ਜਦੋਂ ਸਮਝਾਉਂਦੇ ਹੋ ਫਿਰ ਵੀ ਯਾਦ ਰਹੇ ਕਿ ਅਸੀਂ ਸਭ ਭਾਈ-ਭਾਈ ਹਾਂ। ਸਾਰੀਆਂ ਆਤਮਾਵਾਂ ਇੱਕ ਬਾਪ ਦੇ ਬੱਚੇ ਹਨ। ਸਾਰੇ ਭਰਾਵਾਂ ਦਾ ਬਾਪ ਦੇ ਵਰਸੇ ਤੇ ਹੱਕ ਹੈ। ਭੈਣ ਦਾ ਵੀ ਭਾਨ ਨਾ ਆਵੇ। ਇਸ ਨੂੰ ਕਿਹਾ ਜਾਂਦਾ ਹੈ ਆਤਮ ਅਭਿਮਾਨੀ। ਆਤਮਾ ਨੂੰ ਇਹ ਸ਼ਰੀਰ ਮਿਲਿਆ ਹੈ, ਉਸ ਵਿੱਚ ਕਿਸ ਦਾ ਨਾਮ ਮੇਲ ਦਾ, ਕਿਸੇ ਦਾ ਫੀਮੇਲ ਦਾ ਪੈਂਦਾ ਹੈ। ਇਸ ਤੋਂ ਪਰੇ ਬਾਕੀ ਆਤਮਾ ਹੈ। ਸੋਚਣਾ ਚਾਹੀਦਾ ਹੈ - ਬਾਬਾ ਜੋ ਰਸਤਾ ਦੱਸਦੇ ਹਨ ਉਹ ਬਰੋਬਰ ਠੀਕ ਹਨ। ਇਥੇ ਬੱਚੇ ਆਉਂਦੇ ਹੀ ਹਨ ਪ੍ਰੈਕਟਿਸ ਕਰਨ ਦੇ ਲਈ। ਟ੍ਰੇਨ(ਗੱਡੀ) ਵਿੱਚ ਕਿਸੇ ਨੂੰ ਬੈਜ ਤੇ ਸਮਝਾ ਸਕਦੇ ਹੋ। ਬੈਠ ਕੇ ਇੱਕ-ਦੋ ਤੋਂ ਪੁੱਛੋ ਤੁਹਾਨੂੰ ਕਿੰਨੇ ਬਾਪ ਹਨ? ਫਿਰ ਉੱਤਰ ਦਿਉ। ਇਹ ਹੈ ਦੂਜੇ ਦਾ ਧਿਆਨ ਖਿਚਵਾਉਂਣ ਦੀ ਯੁੱਕਤੀ। ਫਿਰ ਤੁਹਾਨੂੰ ਦੋ ਬਾਪ ਹਨ, ਸਾਨੂੰ ਤਿੰਨ ਹਨ। ਇਸ ਅਲੌਕਿਕ ਬਾਪ ਦੁਆਰਾ ਸਾਨੂੰ ਵਰਸਾ ਮਿਲਦਾ ਹੈ। ਤੁਹਾਡੇ ਕੋਲ ਫਸਟਕਲਾਸ ਚੀਜ਼ ਹੈ। ਕੋਈ ਕਹੇ ਇਸ ਵਿੱਚ ਫਾਇਦਾ ਕੀ ਹੈ? ਬੋਲੋ, ਸਾਡਾ ਫਰਜ਼ ਹੈ ਅੰਨਿਆਂ ਦੀ ਲਾਠੀ ਬਣ ਰਸਤਾ ਦਿਖਾਉਣਾ। ਜਿਵੇ ਨੰਨਸ ਸਰਵਿਸ ਕਰਦੀਆਂ ਹਨ, ਤੁਸੀਂ ਵੀ ਕਰੋ। ਤੁਹਾਨੂੰ ਬੜੀ ਪ੍ਰਜ਼ਾ ਬਨਾਉਣੀ ਹੈ। ਉੱਚ ਪਦ ਪਾਉਣ ਦੇ ਲਈ ਪੁਰਸ਼ਾਰਥ ਕਰਨਾ ਹੈ। ਤੁਸੀਂ ਸਭ ਨੂੰ ਚੜਦੀ ਕਲਾ ਦਾ ਰਸਤਾ ਦੱਸਦੇ ਹੋ। ਇੱਕ ਬਾਪ ਨੂੰ ਯਾਦ ਕਰਦੇ ਰਹੋ ਤਾਂ ਬੜੀ ਖੁਸ਼ੀ ਰਹੇਗੀ ਅਤੇ ਵਿਕਰਮ ਵਿਨਾਸ਼ ਹੋਣਗੇ। ਬਾਪ ਕੋਲੋਂ ਵਰਸਾ ਲੈਣਾ ਬੜਾ ਸੌਖਾ ਹੈ। ਪਰ ਬੜੇ ਬੱਚੇ ਗਫ਼ਲਤ ਕਰਦੇ ਹਨ। ਅੱਛਾ!

ਮਿੱਠੇ-ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਅੰਤ ਵੇਲੇ ਵਿੱਚ ਪਾਸ ਹੋਣ ਦੇ ਲਈ ਇਸ ਸ਼ਰੀਰ ਅਤੇ ਦੁਨੀਆਂ ਤੋਂ ਉਪਰਾਮ ਰਹਿਣਾ ਹੈ, ਕਿਸੇ ਵੀ ਚੀਜ਼ ਵਿੱਚ ਆਸਕਤੀ ਨਹੀਂ ਰੱਖਣੀ ਹੈ। ਬੁੱਧੀ ਵਿੱਚ ਰਹੇ ਕੀ ਅਸੀਂ ਹੁਣ ਟਰਾਂਸਫਰ ਹੋਏ ਕਿ ਹੋਏ।

2. ਬਹੁਤ ਧੀਰਜ਼ ਅਤੇ ਪਿਆਰ ਨਾਲ ਸਭ ਨੂੰ ਦੋ ਬਾਪ ਦਾ ਪਰਿਚੈ ਦੇਣਾ ਹੈ। ਗਿਆਨ ਰਤਨਾਂ ਨਾਲ ਝੋਲੀ ਭਰ ਕੇ ਦਾਨ ਕਰਨਾ ਹੈ। ਕੰਡਿਆਂ ਨੂੰ ਫੁੱਲ ਬਣਾਉਣ ਦੀ ਸੇਵਾ ਜ਼ਰੂਰ ਕਰਨੀ ਹੈ।

ਵਰਦਾਨ:- ਬਾਪ ਅਤੇ ਸੇਵਾ ਵਿੱਚ ਮਗਨ ਰਹਿਣ ਵਾਲੇ ਨਿਰਵਿਘਣ, ਨਿਰੰਤਰ ਸੇਵਾਧਾਰੀ ਭਵ

ਜਿੱਥੇ ਸੇਵਾ ਦਾ ਉਮੰਗ ਹੈ ਉੱਥੇ ਅਨੇਕ ਗੱਲਾਂ ਤੋਂ ਸਹਿਜ ਹੀ ਕਿਨਾਰਾ ਹੋ ਜਾਂਦਾ ਹੈ। ਇੱਕ ਬਾਪ ਅਤੇ ਸੇਵਾ ਵਿੱਚ ਮਗਨ ਰਹੋ ਤਾਂ ਨਿਰਵਿਘਣ,ਨਿਰੰਤਰ ਸੇਵਾਧਾਰੀ, ਸਹਿਜ ਮਾਇਆਜੀਤ ਬਣ ਜਾਣਗੇ। ਸਮੇਂ ਪ੍ਰਤੀ ਸਮੇਂ ਸੇਵਾ ਦੀ ਰੂਪਰੇਖਾ ਬਦਲ ਰਹੀ ਹੈ ਅਤੇ ਬਦਲਦੀ ਰਹੇਗੀ। ਹੁਣ ਤੁਹਾਨੂੰ ਲੋਕਾਂ ਨੂੰ ਜ਼ਿਆਦਾ ਨਹੀਂ ਕਹਿਣਾ ਪਵੇਗਾ ਪਰ ਉਹ ਖੁਦ ਕਹਿਣਗੇ ਕਿ ਇਹ ਸ਼੍ਰੇਸ਼ਠ ਕੰਮ ਹੈ ਇਸਲਈ ਸਾਨੂੰ ਵੀ ਸਹਿਯੋਗੀ ਬਣਾਓ। ਇਹ ਸਮੇਂ ਦੀ ਸਮੀਪਤਾ ਦੀ ਨਿਸ਼ਾਨੀ ਹੈ। ਤਾਂ ਖੂਬ ਉਮੰਗ -ਉਤਸ਼ਾਹ ਨਾਲ ਸੇਵਾ ਕਰਦੇ ਅੱਗੇ ਵੱਧਦੇ ਚੱਲੋ।

ਸਲੋਗਨ:- ਸੰਪੰਨਤਾ ਦੀ ਸਥਿਤੀ ਵਿੱਚ ਸਥਿਤ ਹੋ, ਪ੍ਰਕ੍ਰਿਤੀ ਦੀ ਹਲਚਲ ਨੂੰ ਚਲਦੇ ਹੋਏ ਬੱਦਲਾਂ ਦੇ ਸਮਾਨ ਅਨੁਭਵ ਕਰੋ।

******